# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਬਠਿੰਡਾ
## ਤੀਜੀ ਮੰਜ਼ਿਲ ਮਿਨੀ ਸਕੱਤਰੇਤ
deose.bathinda@punjabeducation.gov.in

**ਪੱਤਰ ਨੰ:** ਉ-6/2026/7060 **ਮਿਤੀ: 29.07.2026**

**ਵੱਲ,**

ਸਮੂਹ ਸਕੂਲ ਮੁਖੀ/ਇੰਚਾਰਜ,

ਜੀ.ਐੱਮ.ਐੱਸ. / ਜੀ.ਐੱਚ.ਐੱਸ. / ਜੀ.ਐੱਸ.ਐੱਸ.ਐੱਸ.,

ਜ਼ਿਲ੍ਹਾ ਬਠਿੰਡਾ।

**ਵਿਸ਼ਾ: DIKSHA ਅਤੇ NISHTHA ਪੋਰਟਲ ਰਾਹੀਂ ਅਧਿਆਪਕਾਂ ਲਈ CPD ਕੋਰਸ 31 ਅਗਸਤ 2026 ਤੱਕ ਪੂਰੇ ਕਰਨ ਸਬੰਧੀ।**

*ਹਵਾਲਾ: ਪੱਤਰ ਨੰ: e-117066/SCERT/Teacher Training/2026/2026203004, ਮਿਤੀ: 24.07.2026 (SCERT, ਪੰਜਾਬ) /*

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

- NEP-2020 ਅਨੁਸਾਰ ਹਰੇਕ ਅਧਿਆਪਕ ਲਈ ਸਾਲਾਨਾ 50 ਘੰਟੇ ਦਾ CPD (Continuous Professional Development) ਕੋਰਸ ਪੂਰਾ ਕਰਨਾ ਲਾਜ਼ਮੀ ਹੈ।
- ਸਮੂਹ ਅਧਿਆਪਕ DIKSHA / NISHTHA ਪੋਰਟਲ ਉੱਤੇ ਉਪਲਬਧ ਮੁੱਖ ਕੋਰਸ (ਜਿਵੇਂ: Cyber Hygiene, E-Waste Hazards, Action Research, Catch the Rain, AI Tools for Education) ਮਿਤੀ 31 ਅਗਸਤ 2026 ਤੱਕ ਲਾਜ਼ਮੀ ਤੌਰ 'ਤੇ ਪੂਰੇ ਕਰਨ।
- ਸਕੂਲ ਮੁਖੀ ਆਪਣੇ ਪੱਧਰ 'ਤੇ ਅਧਿਆਪਕਾਂ ਨੂੰ ਲੋੜੀਂਦੀ ਗਾਈਡੈਂਸ (PPTs ਰਾਹੀਂ) ਪ੍ਰਦਾਨ ਕਰਨ ਅਤੇ ਕੋਰਸ ਸਮੇਂ ਸਿਰ ਪੂਰੇ ਕਰਵਾਉਣੇ ਯਕੀਨੀ ਬਣਾਉਣ।
- ਇਸ ਸਬੰਧੀ ਕਵਰੇਜ਼ ਰਿਪੋਰਟ ਦੀ ਸਮੇਂ-ਸਮੇਂ 'ਤੇ ਮੁੱਖ ਦਫ਼ਤਰ ਅਤੇ ਅਕਾਦਮਿਕ ਸਪੋਰਟ ਗਰੁੱਪ (ASG) ਵੱਲੋਂ ਚੈਕਿੰਗ/ਰਿਵਿਊ ਕੀਤਾ ਜਾਵੇਗਾ।
- ਇਸ ਨੂੰ ਅਤਿ-ਜ਼ਰੂਰੀ ਸਮਝਿਆ ਜਾਵੇ।

29/7/26

**ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)**

**ਬਠਿੰਡਾ।**

P.D
29/07/26